# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਮੋਹਾਲੀ,

ਈਮੇਲ: directorscert@punjabeducation.gov.in, ਫੋਨ ਨੰ: 0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ.)

ਸਮੂਹ ਡਾਇਟ ਪ੍ਰਿੰਸੀਪਲ,

ਸਮੂਹ ਬੀ.ਪੀ.ਈ.ਓ.,

ਸਮੂਹ ਸਕੂਲ ਮੁਖੀ (ਵੈੱਬਸਾਈਟ ਰਾਹੀਂ)

ਪੰਜਾਬ।

ਮੀਮੋ ਨੰ:e-871555/SCERT/QP/UP/2026175117

ਮਿਤੀ:ਐਸ.ਏ.ਐਸ. ਨਗਰ, 30-06-2026

**ਵਿਸ਼ਾ: ਸੈਸ਼ਨ 2026-27 ਦੌਰਾਨ ਗਰਮੀ ਦੀਆਂ ਛੁੱਟੀਆਂ ਤੋਂ ਬਾਅਦ ਮਿਸ਼ਨ ਸਮਰੱਥ 4.0 ਦੀਆਂ ਹਦਾਇਤਾਂ ਸੰਬੰਧੀ।**

1.0. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0. ਗਰਮੀ ਦੀਆਂ ਛੁੱਟੀਆਂ ਤੋਂ ਬਾਅਦ (ਮਿਤੀ 01-07-2026 ਤੋਂ) ਜਮਾਤਾਂ ਤੀਜੀ ਤੋਂ ਅੱਠਵੀਂ ਦੇ ਵਿਦਿਆਰਥੀਆਂ ਲਈ ਮਿਸ਼ਨ ਸਮਰੱਥ 4.0 ਤਹਿਤ ਪਹਿਲਾਂ ਭੇਜੀਆਂ ਗਈਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।

3.0. ਵਿਦਿਆਰਥੀਆਂ ਵੱਲੋਂ ਕੀਤੇ ਗਏ ਛੁੱਟੀਆਂ ਦੇ ਕੰਮ ਨੂੰ ਅਧਿਆਪਕਾਂ ਵੱਲੋਂ ਚੈੱਕ ਕਰਨਾ ਯਕੀਨੀ ਬਣਾਇਆ ਜਾਵੇ।

4.0. ਵਿਦਿਆਰਥੀਆਂ ਦੀ ਗਰੁਪਿੰਗ ਉਹਨਾਂ ਦੇ ਸਿੱਖਣ ਪੱਧਰਾਂ ਦੇ ਅਧਾਰ ਤੇ ਕਰਣੀ ਯਕੀਨੀ ਬਣਾਈ ਜਾਵੇ। ਅਧਿਆਪਕ ਲੋੜ-ਅਨੁਸਾਰ ਵਿਦਿਆਰਥੀਆਂ ਦੀ ਟੈਸਟਿੰਗ ਦੁਬਾਰਾ ਕਰ ਸਕਦੇ ਹਨ।

5.0. **ਐਂਡਲਾਈਨ ਮੁਲਾਂਕਣ** (Endline Testing): ਜਮਾਤਾਂ ਤੀਜੀ ਤੋਂ ਅੱਠਵੀਂ ਦੇ ਵਿਦਿਆਰਥੀਆਂ ਦਾ Endline ਮੁਲਾਂਕਣ ਹੇਠ ਲਿਖੇ ਅਨੁਸਾਰ ਕੀਤਾ ਜਾਵੇ :

| **ਜਮਾਤਾਂ** | **ਐਂਡਲਾਈਨ ਮੁਲਾਂਕਣ ਦੀ ਮਿਤੀ** | **Epunjab app ਤੇ Data Updation ਦੀ ਮਿਤੀ** |
|---|---|---|
| ਤੀਜੀ ਤੋਂ ਅੱਠਵੀਂ | 15-07-26 ਤੋਂ 18-07-26 ਤੱਕ | 15-07-26 ਤੋਂ 20-07-26 ਤੱਕ |
| Endline testing tool 14-07-2026 ਨੂੰ DEO ਦੀ ਈਮੇਲ ਰਾਹੀਂ ਸਕੂਲ ਮੁਖੀਆਂ ਨਾਲ ਸਾਂਝਾ ਕਰ ਦਿੱਤਾ ਜਾਵੇਗਾ। | | |

6.0. ਸਮੂਹ ਸਕੂਲ ਮੁੱਖੀ ਇਸ ਗੱਲ ਨੂੰ ਯਕੀਨੀ ਬਣਾਉਣ ਕਿ 01-07-2026 ਤੋਂ 14-07-2026 ਤੱਕ ਮਿਸ਼ਨ ਸਮਰੱਥ ਦਾ ਸੰਚਾਲਨ ਸੁਚਾਰੂ ਰੂਪ ਵਿੱਚ ਹੋਵੇ। ਇਸ ਦੌਰਾਨ ਸਕੂਲ ਵਿੱਚ ਵਿਦਿਆਰਥੀਆਂ ਦੀ ਪੂਰੀ ਹਾਜਰੀ ਨੂੰ ਸੁਨਿਸ਼ਚਿਤ ਕੀਤਾ ਜਾਵੇ।

7.0. ਇਸ ਗੱਲ ਦੀ ਭਰਪੂਰ ਕੋਸ਼ਿਸ਼ ਕੀਤੀ ਜਾਵੇ ਕਿ ਵਿਦਿਆਰਥੀ ਆਪਣੇ ਸਿੱਖਣ ਪੱਧਰ ਤੋਂ ਅਗਲੇ ਪੱਧਰ ਤਕ ਪਹੁੰਚ ਸਕਣ।

8.0. ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

**(ਕਿਰਨ ਸ਼ਰਮਾ, ਪੀ.ਸੀ.ਐਸ.)**
**ਡਾਇਰੈਕਟਰ,ਐਸ.ਸੀ.ਈ.ਆਰ.ਟੀ.,**
**ਪੰਜਾਬ।**

**ਪਿੰਠ ਅੰਕਣ ਨੰਬਰ: ਉਕਤ** **ਮਿਤੀ: 30-06-2026**

**ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:**

1. ਨਿ.ਸ./ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
2. ਨਿ.ਸ./ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ
3. ਨਿ.ਸ./ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ), ਪੰਜਾਬ
4. MIS wing –ਵੈੱਬਸਾਈਟ ਤੇ ਅਪਲੋਡ ਕਰਨ ਲਈ

**(ਕਿਰਨ ਸ਼ਰਮਾ,ਪੀ.ਸੀ.ਐਸ.)**
**ਡਾਇਰੈਕਟਰ, ਐਸ.ਸੀ.ਈ.ਆਰ.ਟੀ.,**
**ਪੰਜਾਬ।**